بِسۡمِ اللّٰہِ الرَّحۡمٰنِ الرَّحِیۡمِ     نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ     وَ عَلٰی عَبۡدِہِ الۡمَسِیۡحِ الۡمَوۡعُوۡد

لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

Mob:9682536974,E-Mail.: ansarullah@qadian.in     ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# • ਜੰਗੇ ਓਹਦ ਦੇ ਹਾਲਾਤ ਅਤੇ ਉਸ ਸਮੇਂ ਵਾਪਰਨ ਵਾਲਿਆਂ ਘਟਨਾਵਾਂ ਦਾ ਬਿਆਨ

# • ਵਿਸ਼ਵ ਯੁੱਧ ਤੋਂ ਸੁਰੱਖਿਅਤ ਰਹਿਣ ਲਈ ਦੁਆ ਦੀ ਤਹਰੀਕ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁੱਲ ਮਸੀਹ ਅਲ-ਖਾਮਿਸ**
**ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 26 ਜਨਵਰੀ 2024 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ اَلرَّحْمٰنِ الرَّحِيْمِ۔ مٰلِكِ يَوْمِ الدِّيْنِ۔ اِيَّاكَ نَعْبُدُ وَ اِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ اَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَ لَا الضَّآلِّيْنَ

ਤਸ਼ਹੁੱਦ, ਤਾਉਜ਼ ਅਤੇ ਸੂਰਤੁੱਲ ਫ਼ਾਤਿਹਾ ਦੀ ਤਿਲਾਵਤ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੂੰ ਜੰਗ ਵਿੱਚ ਜੋ ਜ਼ਖ਼ਮ ਪਹੁੰਚੇ ਸਨ। ਉਸ ਦੀ ਵਿਆਖਿਆ ਵਿੱਚ ਕੁੱਝ ਸਾਖੀਆਂ ਇੰਝ ਹਨ। ਹਜ਼ਰਤ ਇਬਨੇ ਅੱਬਾਸ ਦੀ ਸਾਖੀ ਅਨੁਸਾਰ ਉਸ ਮੌਕੇ ਉੱਤੇ ਨਬੀ ਕਰੀਮ ਸੱਲਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਰੱਬ ਦਾ ਕਹਿਰ ਉਸ ਵਿਅਕਤੀ ਉੱਤੇ ਸਖ਼ਤ ਹੋ ਜਾਂਦਾ ਹੈ। ਜਿਸ ਨੂੰ ਰੱਬ ਦੇ ਨਬੀ ਸੱਲਲਾਹੁ ਅਲੈਹਿ ਵਸੱਲਮ ਨੇ ਰੱਬ ਦੀ ਰਾਹ ਵਿੱਚ ਕਤਲ ਕੀਤਾ ਹੋਵੇ ਅਤੇ ਰੱਬ ਦਾ ਕਹਿਰ ਉਸ ਕੌਮ ਉੱਤੇ ਸਖ਼ਤ ਹੋ ਜਾਂਦਾ ਹੈ। ਜਿਸ ਨੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦਾ ਚਿਹਰਾ ਖ਼ੂਨ ਨਾਲ ਭਰਿਆ ਹੋਵੇ।

ਤਿਬਰਾਨੀ ਦੀ ਸਾਖੀ ਹੈ ਕਿ ਜੱਦ ਨਬੀ ਕਰੀਮ ਸੱਲਲਾਹੁ ਅਲੈਹਿ ਵਸੱਲਮ ਜ਼ਖ਼ਮ ਹੋਏ ਤਾਂ ਫ਼ਰਮਾਇਆ : ਉਸ ਕੌਮ ਉੱਤੇ ਰੱਬ ਦਾ ਕਹਿਰ ਬਹੁਤ ਵੱਧ ਜਾਂਦਾ ਹੈ। ਜਿਸ ਨੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੇ ਪਵਿੱਤਰ ਚਿਹਰੇ ਨੂੰ ਜ਼ਖ਼ਮੀ ਕੀਤਾ। ਫ਼ਿਰ ਫ਼ਰਮਾਇਆ : ਹੇ ਰੱਬ ! ਮੇਰੀ ਕੌਮ ਨੂੰ ਮੁਆਫ਼ ਕਰਦੇ ਕਿਉਂਕਿ ਉਹ ਨਾਦਾਨ ਹੈ। ਸੋ, ਆਪ ਸੱਲਲਾਹੁ ਅਲੈਹਿ ਵਸੱਲਮ ਦੀ ਮਿਹਰ, ਜੋ ਰੱਬ ਦੇ ਰੰਗ ਵਿੱਚ ਸੰਪੂਰਨ ਤੌਰ ਉੱਤੇ ਰੰਗੀ ਹੋਈ ਸੀ, ਉਸ ਹਾਲ ਵਿੱਚ ਵੀ ਗਾਲਿਬ ਆਈ ਜੱਦ ਆਪ ਸੱਲਲਾਹੁ ਅਲੈਹਿ ਵਸੱਲਮ ਜ਼ਖ਼ਮੀ ਸਨ ਅਤੇ ਲਹੂ ਨਿਕਲ ਰਿਹਾ ਸੀ ਅਤੇ ਆਪ ਸੱਲਲਾਹੁ ਅਲੈਹਿ ਵਸੱਲਮ ਨੇ ਫ਼ਿਰ ਇਹ ਦੁਆ ਕੀਤੀ ਕਿ ਹੇ ਰੱਬ ! ਇਹ ਜ਼ੁਲਮ ਜੋ ਕਰ ਰਹੇ ਹਨ। ਇਹ ਅਗਿਆਨਤਾ ਤੇ ਬੇਵਕੂਫ਼ੀ ਕਰਕੇ ਕਰ ਰਹੇ ਹਨ। ਉਹਨਾਂ ਨੂੰ ਮੁਆਫ਼ ਕਰਦੇ। ਉਹਨਾਂ ਨੂੰ, ਉਹਨਾਂ ਦੀਆਂ ਗ਼ਲਤੀਆਂ ਕਰਕੇ ਸਜ਼ਾ ਨ ਹੋਵੇ।

ਹਜ਼ਰਤ ਅਬਦੁੱਲਾਹ ਬਿਨ ਮਸਊਦ ਰਜ਼ੀ ਅੱਲਾਹ ਅੰਨਹੁ ਬਿਆਨ ਕਰਦੇ ਹਨ ਕਿ ਜਿਵੇਂ ਕਿ ਮੈਂ ਨਬੀ ਕਰੀਮ ਸੱਲਲਾਹੁ ਅਲੈਹਿ ਵਸੱਲਮ ਨੂੰ ਹੁਣ ਵੀ ਵੇਖ ਰਿਹਾ ਹਾਂ ਕਿ ਨਬੀਆਂ ਵਿੱਚੋਂ ਇੱਕ ਨਬੀ ਦਾ ਹਾਲ ਆਪ ਸੁਣਾ ਰਹੇ ਹਨ। ਜਿਸ ਨੂੰ ਉਸ ਦੀ ਕੌਮ ਨੇ ਮਾਰ ਮਾਰ ਕੇ ਖ਼ੂਨ ਖ਼ੂਨ ਕਰ ਦਿੱਤਾ ਸੀ। ਉਹ ਆਪਣੇ ਚਿਹਰੇ ਤੋਂ ਲਹੂ ਸਾਫ਼ ਕਰ ਰਿਹਾ ਹੈ ਅਤੇ ਕਹਿੰਦਾ ਜਾਂਦਾ ਹੈ ਕਿ ਹੇ ਰੱਬ ! ਮੇਰੀ ਕੌਮ ਨੂੰ ਮੁਆਫ਼ ਕਰਦੇ ਕਿਉਂਕਿ ਉਹ ਨਹੀਂ ਜਾਣਦੀ।

ਇਸ ਬਾਰੇ ਵਿੱਚ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਨੇ ਵੀ ਸੀਰਤ ਖ਼ਾਤਮੁਨੱਬੀਯੀਨ ਸੱਲਲਾਹੁ ਅਲੈਹਿ ਵਸੱਲਮ ਵਿੱਚ ਵਿਸਥਾਰ ਲਿੱਖਿਆ ਹੈ ਕਿ ਦੱਰੇ ਵਿੱਚ ਪਹੁੰਚ ਕੇ ਆਂਹਜ਼ਰਤ

ਸੱਲਲਾਹੁ ਅਲੈਹਿ ਵਸੱਲਮ ਨੇ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੁ ਦੀ ਮਦਦ ਨਾਲ ਆਪਣੇ ਜ਼ਖ਼ਮ ਸਾਫ਼ ਕੀਤੇ...ਉਸ ਸਮੇਂ ਆਪ ਸੱਲਲਾਹੁ ਅਲੈਹਿ ਵਸੱਲਮ ਦੇ ਜ਼ਖ਼ਮਾਂ ਤੋਂ ਬਹੁਤ ਲਹੂ ਨਿਕਲ ਰਿਹਾ ਸੀ ਅਤੇ ਆਪ ਸੱਲਲਾਹੁ ਅਲੈਹਿ ਵਸੱਲਮ ਉਸ ਲਹੂ ਨੂੰ ਵੇਖ ਕੇ ਫ਼ਰਮਾ ਰਹੇ ਸਨ ਕਿ ਉਹ ਕੌਮ ਕਿਵੇਂ ਮੁਕਤੀ ਪ੍ਰਾਪਤ ਕਰੇਗੀ ਜਿਸ ਨੇ ਆਪਣੇ ਨਬੀ ਦੇ ਮੂੰਹ ਨੂੰ ਉਸ ਦੇ ਲਹੂ ਨਾਲ ਰੰਗ ਦਿੱਤਾ। ਇਸ ਜੁਰਮ ਵਿੱਚ ਕਿ ਉਹ ਉਹਨਾਂ ਨੂੰ ਰੱਬ ਵੱਲ ਸੱਦਦਾ ਹੈ। ਉਸ ਦੇ ਬਾਦ ਆਪ ਸੱਲਲਾਹੁ ਅਲੈਹਿ ਵਸੱਲਮ ਕੁੱਝ ਦੇਰ ਲਈ ਚੁੱਪ ਰਹੇ ਅਤੇ ਫ਼ਿਰ ਫ਼ਰਮਾਇਆ ਅਰਥਾਤ ਹੇ ਮੇਰੇ ਰੱਬ ! ਤੂੰ ਮੇਰੀ ਕੌਮ ਨੂੰ ਮੁਆਫ਼ ਕਰਦੇ। ਕਿਉਂਕਿ ਉਹਨਾਂ ਤੋਂ ਇਹ ਗ਼ਲਤੀ ਬੇਵਕੂਫ਼ੀ ਅਤੇ ਅਗਿਆਨਤਾ ਕਰਕੇ ਹੋਈ ਹੈ।

ਹਜ਼ਰਤ ਫ਼ਾਤਮਾ ਰਜ਼ੀ ਅੱਲਾਹ ਅੰਨਹਾ, ਜੋ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਸੰਬੰਧੀ ਭਿਆਨਕ ਖ਼ਬਰਾਂ ਸੁਣ ਕੇ ਮਦੀਨੇ ਤੋਂ ਨਿਕਲ ਆਈ ਸਨ। ਉਹ ਵੀ ਕੁੱਝ ਦੇਰ ਦੇ ਬਾਦ ਓਹਦ ਵਿੱਚ ਪਹੁੰਚ ਗਈ ਅਤੇ ਆਉਂਦੇ ਹੀ ਆਪ ਸੱਲਲਾਹੁ ਅਲੈਹਿ ਵਸੱਲਮ ਦੇ ਜ਼ਖ਼ਮਾਂ ਨੂੰ ਸਾਫ਼ ਕਰਨਾ ਸ਼ੁਰੂ ਕਰ ਦਿੱਤਾ। ਪਰ ਲਹੂ ਕਿਸੇ ਤਰ੍ਹਾਂ ਬੰਦ ਹੋਣ ਦਾ ਨਾਂ ਹੀ ਨਹੀਂ ਲੈ ਰਿਹਾ ਸੀ। ਫ਼ਿਰ ਹਜ਼ਰਤ ਫ਼ਾਤਮਾ ਰਜ਼ੀ ਅੱਲਾਹ ਅੰਨਹਾ ਨੇ ਚਟਾਈ ਦਾ ਇੱਕ ਟੁੱਕੜਾ ਜਲਾ ਕੇ ਉਸ ਦੀ ਖ਼ਾਕ ਆਪ ਸੱਲਲਾਹੁ ਅਲੈਹਿ ਵਸੱਲਮ ਦੇ ਜ਼ਖ਼ਮ ਉੱਤੇ ਬੰਨ ਦਿੱਤੀ। ਤੱਦ ਜਾ ਕੇ ਕਿੱਥੇ ਲਹੂ ਰੁੱਕਿਆ। ਦੂਜੀ ਔਰਤਾਂ ਨੇ ਵੀ ਉਸ ਮੌਕੇ ਉੱਤੇ ਜ਼ਖ਼ਮੀ ਸਹਾਬੀਆਂ ਦੀ ਸੇਵਾ ਕਰਕੇ ਪੁੰਨ ਖੱਟਿਆ।

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਇਸ ਮੌਕੇ ਨੂੰ ਇੰਝ ਬਿਆਨ ਫ਼ਰਮਾਉਂਦੇ ਹਨ ਕਿ ਜੰਗੇ ਓਹਦ ਦੇ ਮੌਕੇ ਉੱਤੇ ਇੱਕ ਪੱਥਰ ਆਪ ਸੱਲਲਾਹੁ ਅਲੈਹਿ ਵਸੱਲਮ ਦੇ ਖੋਦ ਉੱਤੇ ਆ ਲੱਗਿਆ ਅਤੇ ਉਸ ਦੀਆਂ ਕਿੱਲਾਂ ਆਪ ਦੇ ਸਿਰ ਵਿੱਚ ਘੁੱਸ ਗਈਆਂ। ਆਪ ਸੱਲਲਾਹੁ ਅਲੈਹਿ ਵਸੱਲਮ ਬੇਹੋਸ਼ ਹੋ ਕੇ ਉਹਨਾਂ ਸਹਾਬੀਆਂ ਦੀਆਂ ਲਾਸ਼ਾਂ ਉੱਤੇ ਢਿੱਗੇ। ਜੋ ਆਪ ਦੇ ਆਲੇ ਦੁਆਲੇ ਲੜ੍ਹਦੇ ਹੋਏ ਸ਼ਹੀਦ ਹੋ ਚੁੱਕੇ ਸਨ ਅਤੇ ਉਸ ਦੇ ਬਾਦ ਕੁੱਝ ਹੋਰ ਸਹਾਬੀ ਰਜ਼ੀ ਅੱਲਾਹ ਅੰਨਹੁਮਾ ਦੀਆਂ ਲਾਸ਼ਾਂ ਆਪ ਸੱਲਲਾਹੁ ਅਲੈਹਿ ਵਸੱਲਮ ਦੇ ਪਵਿੱਤਰ ਸ਼ਰੀਰ ਉੱਤੇ ਢਿੱਗਿਆਂ ਅਤੇ ਲੋਕਾਂ ਨੇ ਇਹ ਸਮਝਿਆ ਕਿ ਆਪ ਸੱਲਲਾਹੁ ਅਲੈਹਿ ਵਸੱਲਮ ਮਾਰੇ ਗਏ ਹਨ। ਪਰ ਜੱਦ ਆਪ ਸੱਲਲਾਹੁ ਅਲੈਹਿ ਵਸੱਲਮ ਨੂੰ ਟੋਏ ਵਿੱਚੋਂ ਕੱਢਿਆ ਗਿਆ ਅਤੇ ਆਪ ਸੱਲਲਾਹੁ ਅਲੈਹਿ ਵਸੱਲਮ ਨੂੰ ਹੋਸ਼ ਆ ਤਾਂ ਆਪ ਸੱਲਲਾਹੁ ਅਲੈਹਿ ਵਸੱਲਮ ਨੇ ਇਹ ਖ਼ਿਆਲ ਹੀ ਨ ਕੀਤਾ ਕਿ ਵਿਰੋਧੀ ਨੇ ਮੈਨੂੰ ਜ਼ਖ਼ਮੀ ਕੀਤਾ ਹੈ, ਮੇਰੇ ਦੰਦ ਤੋੜ੍ਹ ਦਿੱਤੇ ਹਨ ਅਤੇ ਮੇਰੇ ਸੰਬੰਧੀਆਂ, ਰਿਸ਼ਤੇਦਾਰਾਂ ਅਤੇ ਦੋਸਤਾਂ ਨੂੰ ਸ਼ਹੀਦ ਕਰ ਦਿੱਤਾ ਹੈ। ਸਗੋਂ ਆਪ ਸੱਲਲਾਹੁ ਅਲੈਹਿ ਵਸੱਲਮ ਨੇ ਹੋਸ਼ ਵਿੱਚ ਆਉਂਦੇ ਹੀ ਦੁਆ ਕੀਤੀ ਕਿ ਮੇਰੇ ਰੱਬ ਇਹ ਲੋਕ ਮੇਰੀ ਪੱਧਵੀਂ ਨੂੰ ਪਛਾਣ ਨਹੀਂ ਸਕੇ। ਇਸ ਲਈ ਤੂੰ ਇਹਨਾਂ ਨੂੰ ਮੁਆਫ਼ ਕਰਦੇ।

ਜੰਗੇ ਓਹਦ ਵਿੱਚ ਫ਼ਰਿਸ਼ਤੀਆਂ ਦੇ ਲੜ੍ਹਾਈ ਕਰਨ ਬਾਰੇ ਵੀ ਜ਼ਿਕਰ ਮਿਲਦਾ ਹੈ। ਹਜ਼ਰਤ ਸਅਦ ਬਿਨ ਵਕਾਸ ਰਜ਼ੀ ਅੱਲਾਹ ਅੰਨਹੁ ਬਿਆਨ ਕਰਦੇ ਹਨ ਕਿ ਮੈਂ ਨੇ ਓਹਦ ਦੇ ਦਿਨ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੇ ਸੱਜੇ ਅਤੇ ਖੱਬੇ ਦੋ ਵਿਅਕਤੀ ਵੇਖੇ। ਉਹਨਾਂ ਨੇ ਚਿੱਟੇ ਲੀੜ੍ਹੇ ਪਾਏ ਸਨ। ਬਹੁਤ ਸਖ਼ਤ ਲੜ੍ਹਾਈ ਕਰ ਰਹੇ ਸਨ। ਮੈਂ ਉਹਨਾਂ ਦੋਵਾਂ ਨੂੰ ਨ ਇਸ ਤੋਂ ਪਹਿਲਾਂ ਵੇਖਿਆ ਸੀ ਅਤੇ ਨ ਇਸ ਦੇ ਬਾਦ ਵੇਖਿਆ। ਅਰਥਾਤ ਜਿਬਰਾਈਲ ਅਲੈਹਿ ਸਲਾਮ ਅਤੇ ਮਿਕਾਈਲ ਅਲੈਹਿ ਸਲਾਮ।

ਅਲਾਮਾ ਬਹਿਕੀ ਨੇ ਉਰਵਾਹ ਤੋਂ ਸਾਖੀ ਬਿਆਨ ਕੀਤੀ ਹੈ ਕਿ ਰੱਬ ਨੇ ਉਹਨਾਂ ਨੂੰ ਸਬਰ ਸੰਤੋਖ ਤੇ ਸੰਜਮਤਾ ਉੱਤੇ ਵਚਨ ਦਿੱਤਾ ਸੀ ਕਿ ਪੰਜ ਹਜ਼ਾਰ ਫ਼ਰਿਸ਼ਤੀਆਂ ਰਾਹੀਂ ਉਹਨਾਂ ਦੀ ਮਦਦ ਕਰਾਂਗਾ ਅਤੇ ਰੱਬ ਨੇ ਇੰਝ ਹੀ

ਕੀਤਾ। ਪਰ ਜੱਦ ਉਹਨਾਂ ਨੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੇ ਆਦੇਸ਼ ਦੀ ਅਵਗਿਆ ਕੀਤੀ ਅਤੇ ਸਫ਼ਾਂ ਨੂੰ ਛੱਡ ਦਿੱਤਾ ਅਤੇ ਤੀਰ ਅੰਦਾਜ਼ਾਂ ਨੇ ਆਪਣੀ ਥਾਂ ਛੱਡ ਕੇ ਸੰਸਾਰ ਦਾ ਇਰਾਦਾ ਕੀਤਾ ਤਾਂ ਉਹਨਾਂ ਤੋਂ ਫ਼ਰਿਸ਼ਤੀਆਂ ਦੀ ਮਦਦ ਚੁੱਕ ਲਈ ਗਈ। ਮੁਹੱਮਦ ਬਿਨ ਸਾਬਿਤ ਬਿਆਨ ਕਰਦੇ ਹਨ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਓਹਦ ਦੇ ਦਿਨ ਫ਼ਰਮਾਇਆ : ਹੇ ਮਸਅਬ ਤੂੰ ਅੱਗੇ ਵੱਧ। ਤੱਦ ਅਬਦੁੱਰਹਿਮਾਨ ਬਿਨ ਔਫ਼ ਰਜ਼ੀ ਅੱਲਾਹ ਅੰਨਹੁ ਨੇ ਕਿਹਾ ਕਿ ਹੇ ਰੱਬ ਦੇ ਰਸੂਲ ਸੱਲਲਾਹੁ ਅਲੈਹਿ ਵਸੱਲਮ ਮਸਅਬ ਸ਼ਹੀਦ ਨਹੀਂ ਕਰ ਦਿੱਤੇ ਗਏ। ਆਪ ਸੱਲਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ : ਬਿਲਕੁੱਲ, ਪਰ ਇੱਕ ਫ਼ਰਿਸ਼ਤਾ ਉਹਨਾਂ ਦਾ ਉੱਤਰ-ਅਧਿਕਾਰੀ ਬਣਿਆ ਹੈ ਅਤੇ ਉਸ ਨੂੰ ਉਹਨਾਂ ਦਾ ਨਾਂ ਦਿੱਤਾ ਗਿਆ ਹੈ।

ਅਲਾਮਾ ਇਬਨੇ ਅਸਾਕਰ ਨੇ ਸਅਦ ਬਿਨ ਅਬੀ ਵਕਾਸ ਰਜ਼ੀ ਅੱਲਾਹ ਅੰਨਹੁ ਤੋਂ ਸਾਖੀ ਬਿਆਨ ਕੀਤੀ। ਉਹ ਫ਼ਰਮਾਉਂਦੇ ਹਨ ਕਿ ਓਹਦ ਦੇ ਦਿਨ ਮੈਂ ਨੇ ਆਪ ਨੂੰ ਵੇਖਿਆ ਕਿ ਮੈਂ ਤੀਰ ਚਲਾਉਣਾ ਅਤੇ ਉਹਨਾਂ ਤੀਰਾਂ ਨੂੰ ਮੇਰੇ ਕੋਲ੍ਹ ਚਿੱਟੇ ਕਪੜ੍ਹੀਆਂ ਵਾਲਾ ਸੋਹਣਾ ਵਿਅਕਤੀ ਵਾਪਸ ਲੈ ਆਉਂਦਾ ਸੀ। ਮੈ ਉਸ ਨੂੰ ਨਹੀਂ ਜਾਣਦਾ ਸੀ। ਇੱਥੇ ਤੱਕ ਕਿ ਉਸ ਦੇ ਬਾਦ ਮੈਂ ਖ਼ਿਆਲ ਕਰਦਾ ਸੀ ਕਿ ਉਹ ਫ਼ਰਿਸ਼ਤਾ ਸੀ।

ਆਪਣੇ ਇੱਕ ਖ਼ੁਤਬੇ ਵਿੱਚ ਹਜ਼ਰਤ ਖ਼ਲੀਫ਼ਾਤੁੱਲ ਮਸੀਹ ਅੱਰਾਬੇ ਰਹਿਮਾਹੁੱਲਾਹ ਨੇ ਵੀ ਇਹ ਕਿੱਸਾ ਬਿਆਨ ਕੀਤਾ ਹੈ ਕਿ ਸਹਾਬੀ ਰਜ਼ੀ ਅੱਲਾਹ ਅੰਨਹੁਮਾ ਬਿਆਨ ਕਰਦੇ ਹਨ ਕਿ ਜੰਗੇ ਬਦਰ ਵਿੱਚ ਜੋ ਫ਼ਰਿਸ਼ਤੇ ਵੇਖੇ ਗਏ। ਉਹਨਾਂ ਦੇ ਸਿਰਾਂ ਉੱਤੇ ਕਾਲੀਆਂ ਪਗੜ੍ਹੀਆਂ ਸਨ ਅਤੇ ਉਹਨਾਂ ਦੀਆਂ ਇੱਕ ਯੂਨੀਫ਼ਾਰਮ ਸੀ। ਜੱਦ ਸਾਖੀਆਂ ਜਮ੍ਹਾਂ ਹੋਈਆਂ ਤਾਂ ਉਹ ਹੈਰਾਨ ਹੋ ਗਏ। ਪਰ ਜਿਵੇਂ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਸੀ, ਉਵੇਂ ਹੀ ਹੋਇਆ। ਇੰਝ ਹੀ ਜੰਗੇ ਓਹਦ ਵਿੱਚ ਜੋ ਫ਼ਰਿਸ਼ਤੇ ਵਿਖਾਈ ਦਿੱਤੇ। ਉਹਨਾਂ ਦੇ ਸਿਰਾਂ ਉੱਤੇ ਨਿਸ਼ਾਨੀ ਵੱਜੋਂ ਲਾਲ ਪਗੜ੍ਹੀਆਂ ਸਨ। ਲਾਲ ਰੰਗ ਵਿੱਚ ਕੁੱਝ ਦੁੱਖ ਦਾ ਸੰਦੇਸ਼ ਵੀ ਸੀ। ਕਿਉਂਕਿ ਜੋ ਦੁੱਖ ਸਹਾਬੀਆਂ ਨੂੰ ਜੰਗੇ ਓਹਦ ਵਿੱਚ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੇ ਜ਼ਖ਼ਮਾਂ ਕਰਕੇ ਪਹੁੰਚਾ। ਉਹ ਦੁੱਖ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੇ ਸਾਰੇ ਜੀਵਨ ਵਿੱਚ ਕਦੇ ਸਹਾਬੀਆਂ ਨੂੰ ਨਹੀਂ ਪਹੁੰਚਾ। ਇੱਕ ਦੁੱਖ ਦੇ ਬਾਦ ਦੂਜੇ ਦੁੱਖ ਦੀ ਖ਼ਬਰ ਉਹਨਾਂ ਨੂੰ ਮਿਲੀ ਅਤੇ ਉਹ ਦੁੱਖਾਂ ਨਾਲ ਚੂਰ ਹੋ ਗਏ। ਸੋ, ਇਸ ਜੰਗ ਵਿੱਚ ਫ਼ਰਿਸ਼ਤੀਆਂ ਦੀ ਨਿਸ਼ਾਨੀ ਲਈ ਵੀ ਇੱਕ ਅਜਿਹਾ ਰੰਗ ਚੁਣਿਆ ਗਿਆ। ਜਿਸ ਵਿੱਚ ਨਿਮੋਸ਼ੀ, ਦੁੱਖ ਅਤੇ ਲਹੂ ਦਾ ਪਹਿਲੂ ਸ਼ਾਮਿਲ ਸੀ।

ਸਹਾਬੀਆਂ ਦੇ ਪੱਕੇ ਪੈਰ੍ਹੀਂ ਹੋਣ ਅਤੇ ਜਾਨ ਕੁਰਬਾਨ ਕਰਨ ਦੇ ਕਿੱਸੇ ਵੀ ਬਹੁਤ ਸ਼ਾਮਿਲ ਹਨ ਕਿ ਕਿਵੇਂ ਉਹਨਾਂ ਨੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀ ਰਾਖੀ ਵਿੱਚ ਆਪਣੀ ਜਾਨਾਂ ਕੁਰਬਾਨ ਕੀਤੀਆਂ। ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੁ ਇਸ ਬਾਰੇ ਲਿੱਖਦੇ ਹਨ ਕਿ ਉਸ ਸਮੇਂ ਬਹੁਤ ਭਿਆਨਕ ਲੜ੍ਹਾਈ ਹੋ ਰਹੀ ਸੀ ਅਤੇ ਮੁਸਲਮਾਨਾਂ ਲਈ ਇੱਕ ਸਖ਼ਤ ਪ੍ਰੀਖਿਆ ਦਾ ਸਮਾਂ ਸੀ। ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੀ ਸ਼ਹਾਦਤ ਦੀ ਖ਼ਬਰ ਸੁਣ ਕੇ ਬਹੁਤ ਸਾਰੇ ਸਹਾਬੀ ਹਿੰਮਤ ਹਾਰ ਚੁੱਕੇ ਸਨ ਅਤੇ ਹਥਿਆਰ ਸੁੱਟ ਕੇ ਮੈਦਾਨ ਤੋਂ ਇੱਕ ਪਾਸੇ ਹੋ ਗਏ ਸਨ। ਉਹਨਾਂ ਵਿੱਚ ਹਜ਼ਰਤ ਉਮਰ ਰਜ਼ੀ ਅੱਲਾਹ ਅੰਨਹੁ ਵੀ ਸਨ। ਸੋ, ਇਹ ਲੋਕ ਇੰਝ ਹੀ ਜੰਗ ਦੇ ਮੈਦਾਨ ਦੇ ਇੱਕ ਪਾਸੇ ਬਹਿਠੇ ਸਨ ਕਿ ਉੱਤੋਂ ਇੱਕ ਸਹਾਬੀ ਅਨਸ ਬਿਨ ਨਜ਼ਰ ਅੰਨਸਾਰੀ ਰਜ਼ੀ ਅੱਲਾਹ ਅੰਨਹੁ ਆ ਗਏ ਅਤੇ ਉਹਨਾਂ ਨੂੰ ਵੇਖ ਕੇ ਕਹਿਣ ਲੱਗੇ। ਤੁਸੀਂ ਇੱਥੇ ਕੀ ਕਰ ਰਹੇ ਹੋ ? ਉਹਨਾਂ ਨੇ ਉੱਤਰ ਦਿੱਤਾ ਕਿ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਸ਼ਹੀਦ ਹੋ ਗਏ ਹਨ। ਹੁਣ ਕੀ ਲੜ੍ਹਣਾ ? ਅਨਸ ਰਜ਼ੀ ਅੱਲਾਹ

ਅੰਨਹੁ ਨੇ ਕਿਹਾ ਕਿ ਇਹੀ ਤਾਂ ਲੜ੍ਹਣ ਦਾ ਸਮਾਂ ਹੈ। ਜੋ ਮੌਤ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਪ੍ਰਾਪਤ ਕੀਤੀ । ਉਹ ਸਾਨੂੰ ਵੀ ਪ੍ਰਾਪਤ ਕਰਨੀ ਚਾਹੀਦੀ ਹੈ। ਆਪ ਸੱਲਲਾਹੁ ਅਲੈਹਿ ਵਸੱਲਮ ਦੇ ਬਾਦ ਜ਼ਿੰਦਗੀ ਦਾ ਵੀ ਕੀ ਸੁਆਦ ਹੋਣਾ ? ਉਹਨਾਂ ਦੇ ਸਾਮ੍ਹਣੇ ਸਅਦ ਬਿਨ ਮੁਆਜ਼ ਰਜ਼ੀ ਅੱਲਾਹ ਅੰਨਹੁ ਆਏ ਤਾਂ ਉਹਨਾਂ ਨੇ ਕਿਹਾ ਕਿ ਸਅਦ ! ਮੈਨੂੰ ਤਾਂ ਪਹਾੜ੍ਹੀ ਤੋਂ ਸਵਰਗ ਦੀ ਖ਼ੁਸ਼ਬੂ ਆ ਰਹੀ ਹੈ। ਇਹ ਕਹਿ ਕਿ ਅਨਸ ਰਜ਼ੀ ਅੱਲਾਹ ਅੰਨਹੁ ਵਿਰੋਧੀਆਂ ਦੀਆਂ ਸਫ਼ਾਂ ਵਿੱਚ ਘੁੱਸ ਗਏ ਅਤੇ ਲੜ੍ਹਦੇ ਲੜ੍ਹਦੇ ਸ਼ਹੀਦ ਹੋ ਗਏ। ਜੰਗ ਦੇ ਬਾਦ ਵੇਖਿਆ ਗਿਆ ਤਾਂ ਉਹਨਾਂ ਦੇ ਸ਼ਰੀਰ ਉੱਤੇ 80 ਤੋਂ ਵੱਧ ਜ਼ਖ਼ਮ ਸਨ ਅਤੇ ਕੋਈ ਪਛਾਣ ਨਹੀਂ ਸਕਦਾ ਸੀ ਕਿ ਇਹ ਕਿਸ ਦੀ ਲਾਸ਼ ਹੈ। ਅੰਤ ਉਹਨਾਂ ਦੀ ਭੈਣ ਨੇ ਉਹਨਾਂ ਦੀ ਉਂਗਲ ਵੇਖ ਕੇ ਪਛਾਣਿਆ।

ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਨੇ ਵੀ ਉਹਨਾਂ ਦੀ ਸ਼ਹਾਦਤ ਦਾ ਜ਼ਿਕਰ ਫ਼ਰਮਾਇਆ ਹੈ। ਆਪ ਰਜ਼ੀ ਅੱਲਾਹ ਅੰਨਹੁ ਫ਼ਰਮਾਉਂਦੇ ਹਨ ਕਿ ਜੰਗੇ ਓਹਦ ਵਿੱਚ ਜੱਦ ਰੱਬ ਨੇ ਫ਼ਿਰ ਮੁਸਲਮਾਨਾਂ ਨੂੰ ਗ਼ਾਲਿਬ ਕੀਤਾ ਅਤੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੇ ਫ਼ਰਮਾਇਆ ਕਿ ਮਾਲਿਕ ਬਿਨ ਅਨਸ ਰਜ਼ੀ ਅੱਲਾਹ ਅੰਨਹੁ ਨੂੰ ਲੱਭੋ ਤਾਂ ਉਹਨਾਂ ਦੀ ਭੈਣ ਨੇ ਇੱਕ ਥਾਂ ਉੱਤੇ ਇੱਕ ਲਾਸ਼ ਦੇ ਟੁਕੜ੍ਹਿਆਂ ਵਿੱਚੋਂ ਇੱਕ ਉਂਗਲ ਰਾਹੀਂ ਪਛਾਣ ਕੇ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਨੂੰ ਖ਼ਬਰ ਦਿੱਤੀ । ਇਹ ਆਂਹਜ਼ਰਤ ਸੱਲਲਾਹੁ ਅਲੈਹਿ ਵਸੱਲਮ ਦੇ ਸਹਾਬੀਆਂ ਦਾ ਆਪ ਸੱਲਲਾਹੁ ਅਲੈਹਿ ਵਸੱਲਮ ਨਾਲ ਇਸ਼ਕ ਸੀ। ਫ਼ਰਮਾਇਆ : ਇਹ ਜ਼ਿਕਰ ਜਾਰੀ ਹੈ। ਅੱਗੇ ਵੀ ਇੰਸ਼ਾ ਅੱਲਾਹ ਹੋਵੇਗਾ।

ਹਜ਼ੂਰੇ ਅਨਵਰ ਨੇ ਇਸ ਦੇ ਬਾਦ ਫ਼ਰਮਾਇਆ : ਅੱਜ ਕੱਲ੍ਹ ਯਮਨ ਦੇ ਅਹਮਦੀਆਂ ਲਈ ਵੀ ਦੁਆਵਾਂ ਕਰੋ ਉਹ ਅੱਜ ਕੱਲ੍ਹ ਬਹੁਤ ਮੁਸ਼ਕਿਲਾਂ ਵਿੱਚ ਗ੍ਰਹਿਸਤ ਹਨ। ਇੰਝ ਹੀ ਮੁਸਲਮਾਨਾਂ ਲਈ ਦੁਆ ਕਰੋ। ਰੱਬ ਉਹਨਾਂ ਵਿੱਚ ਵੀ ਏਕਤਾ ਪੈਦਾ ਕਰੇ ਅਤੇ ਅਕਲ ਤੇ ਸਮਝ ਬਖ਼ਸ਼ੇ। ਸੰਸਾਰ ਦੇ ਆਮ ਹਾਲਾਤਾਂ ਲਈ ਵੀ ਦੁਆ ਕਰੋ। ਵੱਡੀ ਤੇਜ਼ੀ ਨਾਲ ਜੰਗ ਵੱਲ੍ਹ ਵੱਧ ਰਹੇ ਹਨ। ਰੱਬ ਰਹਿਮ ਕਰੇ।

ਹਜ਼ੂਰੇ ਅਨਵਰ ਨੇ ਅੰਤ ਵਿੱਚ ਦੋ ਸਵਰਗ ਵਾਸੀਆਂ ਹਾਫ਼ਜ਼ ਡਾਕਟਰ ਅਬਦੁੱਲ ਹਮੀਦ ਗਾਮਾਂਗਾ ਸਾਹਿਬ ਨਾਇਬ ਅਮੀਰ ਜਮਾਅਤ ਸੈਰਾਲੀਓਨ ਅਤੇ ਤਾਹਿਰਾ ਨਜ਼ੀਰ ਸਾਹਿਬਾ ਪਤਨੀ ਚੌਧਰੀ ਰਸ਼ੀਦ-ਉਦ-ਦੀਨ ਸਾਹਿਬ ਮੁਰੱਬੀ ਸਿਲਸਿਲਾ ਦੇ ਗੁਣ ਬਿਆਨ ਕੀਤੇ ਅਤੇ ਨਮਾਜ਼ ਜਨਾਜ਼ਾ ਗਾਇਬ ਪੜ੍ਹਾਉਣ ਦਾ ਐਲਾਨ ਫ਼ਰਮਾਇਆ ਅਤੇ ਦੁਆ ਕੀਤੀ ਕਿ ਰੱਬ ਉਹਨਾਂ ਨਾਲ ਬਖ਼ਸ਼ਿਸ਼ ਅਤੇ ਰਹਿਮ ਦਾ ਸਲੂਕ ਫ਼ਰਮਾਏ। ਉਹਨਾਂ ਦੇ ਬੱਚਿਆਂ ਨੂੰ ਵੀ ਉਹਨਾਂ ਦੀਆਂ ਨੇਕੀਆਂ ਜਾਰੀ ਰੱਖਣ ਦੀ ਤੌਫ਼ੀਕ ਬਖ਼ਸ਼ੇ। ਆਮੀਨ

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔